**WINTER HOLIDAY HOME WORK**

**CLASS - IV**

**SUBJECT - PUNJABI**

**Date:**

**Name** ___________________ **Section** ________

## ਪ੍ਰਸ਼ਨ- 1. ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :-

ਕਬੂਤਰਾਂ ਦਾ ਇੱਕ ਝੁੰਡ ਜੰਗਲ ਵਿੱਚ ਭੋਜਨ ਦੀ ਭਾਲ ਵਿੱਚ ਉੱਡ ਰਿਹਾ ਸੀ । ਉੱਡਦੇ -ਉੱਡਦੇ ਉਹਨਾਂ ਦੇਖਿਆ ਕਿ ਹੇਠਾਂ ਚੌਲਾਂ ਦੇ ਦਾਣੇ ਖਿਲਰੇ ਪਏ ਹਨ । ਕਬੂਤਰ ਭੁੱਖੇ ਸੀ ।ਉਹਨਾਂ ਨੇ ਹੇਠਾਂ ਉੱਤਰ ਕੇ ਚੌਲ ਚੁਗਣ ਦੀ ਗੱਲ ਸੋਚੀ ।ਕਬੂਤਰਾਂ ਦੇ ਸਰਦਾਰ ਨੇ ਉਹਨਾਂ ਨੂੰ ਸਾਵਧਾਨ ਕੀਤਾ , ' ਇਸ ਸੁਨਸਾਨ ਜੰਗਲ ਵਿੱਚ ਚੌਲਾਂ ਦੇ ਦਾਣੇ ? ਜ਼ਰੂਰ ਕਿਸੇ ਸ਼ਿਕਾਰੀ ਨੇ ਪੰਛੀਆਂ ਨੂੰ ਫੜ੍ਹਨ ਲਈ ਜਾਲ ਵਿਛਾਇਆ ਹੈ । ਹੇਠਾਂ ਉੱਤਰਨਾ ਖਤਰੇ ਤੋਂ ਖਾਲੀ ਨਹੀਂ ਹੈ । ਕਬੂਤਰਾਂ ਨੇ ਆਪਣੇ ਸਰਦਾਰ ਦੀ ਗੱਲ ਨਹੀਂ ਸੁਣੀ ਅਤੇ ਚੌਲਾਂ ਦੇ ਦਾਣੇ ਚੁਗਣ ਲਈ ਹੇਠਾਂ ਉੱਤਰ ਆਏ । ਹੇਠਾਂ ਉੱਤਰਦੇ ਹੀ ਉਹ ਜਾਲ ਵਿੱਚ ਫਸ ਗਏ ।ਬੁੱਢੇ ਸਰਦਾਰ ਦਾ ਸ਼ੱਕ ਠੀਕ ਸੀ ।

ਪ੍ਰਸ਼ਨ - ਚੌਲਾਂ ਦੇ ਦਾਣੇ ਦੇਖ ਕੇ ਕਬੂਤਰਾਂ ਨੇ ਕੀ ਸੋਚਿਆ ?

ਉੱਤਰ- ____________________________________________

____________________________________________

ਪ੍ਰਸ਼ਨ - ਕਬੂਤਰਾਂ ਨੇ ਆਪਣੇ ਸਰਦਾਰ ਦੀ ਗੱਲ ਕਿਉਂ ਨਹੀਂ ਮੰਨੀ ?

ਉੱਤਰ- ____________________________________________

____________________________________________

ਪ੍ਰਸ਼ਨ - ਬੁੱਢੇ ਸਰਦਾਰ ਨੇ ਕੀ ਸ਼ੱਕ ਪ੍ਰਗਟ ਕੀਤਾ ?

ਉੱਤਰ - ____________________________________________

____________________________________________

**ਪ੍ਰਸ਼ਨ—2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ -**

1. ਝੁੰਡ- -________________________________________

______________________________________________

2. ਭੋਜਨ- ________________________________________

______________________________________________

3. ਸ਼ਿਕਾਰੀ - ______________________________________

______________________________________________

4. ਜਾਲ- _________________________________________

______________________________________________

5.ਦਾਣੇ- ________________________________________

______________________________________________

**ਪ੍ਰਸ਼ਨ-3. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ -**

ਜੰਗਲ - ________________ ਪੰਛੀ - ________________

ਕਬੂਤਰ -________________ ਚੌਲ - ________________

ਬੁੱਢਾ - ________________ ਖਤਰਾ- ________________

**ਪ੍ਰਸ਼ਨ -4. ਠੀਕ ਜਾਂ ਗਲਤ ਦਾ ਨਿਸ਼ਾਨ ਲਗਾਉ -**

1. ਬੁੱਢੇ ਸਰਦਾਰ ਦਾ ਸ਼ੱਕ ਗਲਤ ਸੀ । ☐

2. ਕਬੂਤਰਾਂ ਨੇ ਆਪਣੇ ਸਰਦਾਰ ਦੀ ਗੱਲ ਨਹੀਂ ਸੁਣੀ। ☐

3. ਕਬੂਤਰ ਰੱਜੇ ਹੋਏ ਸਨ । ☐

**ਪ੍ਰਸ਼ਨ -5. ਚਿੱਤਰਾਂ ਵਿੱਚ ਰੰਗ ਭਰੋ -**

